[redacted]

[redacted]

8542/NH

ਸਮੈਸਟਰ-ਪੰਜਵਾਂ
(ਪੰਜਾਬੀ ਲਾਜ਼ਮੀ)

[redacted]

ਪਾਸ ਹੋਣ ਲਈ ਅੰਕ:35

[redacted]

ਅੰਦਰੂਨੀ ਮੁਲਾਂਕਣ ਵਿੱਚ ਪਾਸ ਹੋਣ [redacted]

ਬਾਹਰੀ ਪਰੀਖਿਆ:75

ਬਾਹਰੀ ਮੁਲਾਂਕਣ ਵਿਚੋਂ ਪਾਸ ਹੋਣ ਲਈ [redacted]

ਸਮਾਂ: ਤਿੰਨ ਘੰਟੇ

## ਭਾਗ:ੳ

ਪ੍ਰਸ਼ਨ:1 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇੱਕ ਪ੍ਰਸ਼ਨ ਦਾ ਉਤਰ ਦਿਓ। ਅੰਕ: 12

(ੳ) ਨਾਵਲ 'ਏਹੁ ਹਮਾਰਾ ਜੀਵਣਾ' ਦਾ ਵਿਸ਼ਾ-ਵਸਤੂ ਲਿਖੋ।

(ਅ) ਨਾਵਲ 'ਏਹੁ ਹਮਾਰਾ ਜੀਵਣਾ' ਦਾ ਕਲਾਤਮਕ ਪੱਖ ਤੋਂ ਅਧਿਐਨ ਪ੍ਰਸਤੁਤ ਕਰੋ।

ਪ੍ਰਸ਼ਨ:2 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇੱਕ ਪ੍ਰਸ਼ਨ ਦਾ ਉਤਰ ਦਿਓ। ਅੰਕ:08

(ੳ) 'ਏਹੁ ਹਮਾਰਾ ਜੀਵਣਾ' ਨਾਵਲ ਦੀ ਪਾਤਰ 'ਭਾਨੋ' ਦਾ ਪਾਤਰ-ਚਿਤਰਨ ਕਰੋ।

(ਅ) ਨਾਵਲ 'ਏਹੁ ਹਮਾਰਾ ਜੀਵਨਾ' ਦੇ ਪਾਤਰ ਨਰੈਣੇ ਦਾ ਪਾਤਰ-ਚਿਤਰਨ ਕਰੋ।

## ਭਾਗ-ਅ

ਪ੍ਰਸ਼ਨ:3 ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇੱਕ ਬਾਰੇ ਲੇਖ ਲਿਖੋ। ਅੰਕ:09

(ੳ) ਬੇਰੁਜ਼ਗਾਰੀ, (ਅ) ਪੰਜਾਬੀਆਂ 'ਚ ਵੱਧ ਰਹੀ ਪਰਵਾਸ ਦੀ ਰੁਚੀ, (ੲ) ਨਸ਼ਾਖੋਰੀ

ਪ੍ਰਸ਼ਨ:4. ਹੇਠ ਲਿਖੇ ਦੋ ਪ੍ਰਸ਼ਨਾਂ ਵਿਚੋਂ ਇੱਕ ਦਾ ਉਤਰ ਦਿਓ। ਅੰਕ:12

(ੳ) ਨਾਂਵ ਸ਼ਬਦ ਦੀ ਬਣਤਰ ਅਤੇ ਕਾਰਜ ਸਪੱਸ਼ਟ ਕਰੋ

(ਅ) ਕਿਰਿਆ ਵਾਕੰਸ਼ ਦੀ ਪਰਿਭਾਸ਼ਾ, ਬਣਤਰ ਅਤੇ ਪਛਾਣ ਸਪੱਸ਼ਟ ਕਰੋ।

ਪ੍ਰਸ਼ਨ:5. ਹੇਠ ਲਿਖੇ ਵਾਕਾਂ ਦੀ ਭਾਸ਼ਾ ਦਾ ਵਿਵਿਹਾਰਕ ਅਤੇ ਵਿਆਕਰਨਕ ਵਿਸ਼ਲੇਸ਼ਣ ਕਰੋ। ਅੰਕ:04

(ੳ) 'ਸਟੇਸ਼ਨ ਤੇ ਇੱਕ ਮੰਗਤਾ ਪੈਸੇ ਮੰਗ ਰਿਹਾ ਸੀ।' ਵਾਕ ਵਿੱਚ ਕਿਰਿਆ ਰੂਪਾਂ ਦੀ ਚੋਣ ਕਰੋ।

(ਅ) 'ਪੁਰਾਣੇ ਸਮੇਂ ਵਿੱਚ ਸਭ ਲੋਕ ਮਾਸ ਖਾ ਲਿਆ ਕਰਦੇ ਸਨ।' ਵਾਕ ਵਿਚੋਂ ਸੰਭਾਵਕ ਸੰਚਾਲਕ ਕਿਰਿਆ ਦੀ ਚੋਣ ਕਰੋ।

(ੲ) 'ਲਾਲ ਕਿਲਾ' ਦਿੱਲੀ ਵਿਚ ਹੈ।' ਵਾਕ ਵਿੱਚ ਲਾਲ ਕਿਲਾ ਅਤੇ ਦਿੱਲੀ ਕਿਸ ਨਾਂਵ ਦੀ ਉਦਾਹਰਨ ਹਨ।

(ਸ) 'ਉਸ ਆਦਮੀ ਦੀ ਕੁੜੀ ਸੀਤਾ ਹੁਸ਼ਿਆਰ ਹੈ।' ਵਾਕ ਵਿੱਚ ਅਪੋਸਟਿਵ ਨਾਂਵ ਵਾਕੰਸ਼ ਦੀ ਚੋਣ ਕਰੋ।

## ਭਾਗ-ੲ

ਸਾਰੇ ਪ੍ਰਸ਼ਨਾਂ ਦੇ ਉੱਤਰ ਲਾਜ਼ਮੀ ਹਨ।

ਕੁੱਲ ਅੰਕ:30

1. ਵਾਕੰਸ਼ ਤੋਂ ਕੀ ਭਾਵ ਹੈ?
2. ਰੂਪ ਦੇ ਆਧਾਰ 'ਤੇ ਨਾਂਵ ਵਾਕੰਸ਼ ਦੀ ਪਛਾਣ ਕਿੰਨਾਂ ਰਾਹੀ ਕੀਤੀ ਜਾਂਦੀ ਹੈ?
3. ਸੰਬੰਧਕਾਂ ਅਤੇ ਯੋਜਕਾਂ ਵਿਚਲੇ ਅੰਤਰ ਨੂੰ ਦਰਸਾਓ।
4. ਨਾਂਵ ਵਾਕੰਸ਼ ਦੇ ਗ਼ੈਰ ਜ਼ਰੂਰੀ ਤੱਤ ਕਿਹੜੇ ਹਨ?
5. ਸਹਾਇਕ ਕਿਰਿਆ ਦਾ ਵਾਕ ਵਿੱਚ ਸਥਾਨ ਨਿਸਚਤ ਕਰੋ।
6. ਮੁੱਢਲੀ ਸੰਚਾਲਕ ਕਿਰਿਆ ਦੇ ਮੈਂਬਰਾਂ ਦੀ ਗਿਣਤੀ ਕਿੰਨੀ ਹੈ?
7. 'ਇਸ ਤਰ੍ਹਾਂ ਫਿਰ ਫਿਰਾ ਕੇ ਗੂਗੇ ਨੂੰ ਦੱਬ ਦਿੱਤਾ ਜਾਂਦਾ ਹੈ।' ਵਾਕ ਵਿੱਚ ਕਿਹੜੀ-ਕਿਹੜੀ ਕਿਰਿਆ ਦਾ ਪ੍ਰਯੋਗ ਹੋਇਆ ਹੈ।
8. ਗਤੀਵਾਚੀ ਸੰਚਾਲਕ ਕਿਰਿਆ ਨੂੰ ਪਰਿਭਾਸ਼ਤ ਕਰੋ।
9. ਦਲੀਪ ਕੌਰ ਟਿਵਾਣਾ ਨੂੰ ਕਿਸ ਨਾਵਲ ਲਈ ਭਾਰਤੀ ਸਾਹਿਤ ਅਕਾਦਮੀ ਨੇ ਸਨਮਾਨਿਤ ਕੀਤਾ।
10. ਦਲੀਪ ਕੌਰ ਟਿਵਾਣਾ ਦੇ ਨਾਵਲ 'ਏਹੁ ਹਮਾਰਾ ਜੀਵਣਾ' ਦੀ ਮੁੱਖ ਸੁਰ ਕੀ ਹੈ?
11. ਸਮਕਾਲੀ ਸਮਾਜ ਵਿੱਚ ਨਾਵਲ 'ਏਹੁ ਹਮਾਰਾ ਜੀਵਣਾ' ਦੀ ਪ੍ਰਸੰਗਗਿਤਾ ਸਿੱਧ ਕਰੋ।
12. ਨਾਵਲ 'ਏਹੁ ਹਮਾਰਾ ਜੀਵਣਾ' ਦੇ ਪਤਾਰ ਨਰੈਣੇ ਨੂੰ ਭਾਨੋ ਕਿਸ ਥਾਂ 'ਤੇ ਮਿਲਦੀ ਹੈ?
13. ਦਲੀਪ ਕੌਰ ਟਿਵਾਣਾ ਦੇ ਚਾਰ ਨਾਵਲਾਂ ਦੇ ਨਾਂ ਲਿਖੋ।
14. ਭਾਨੋ ਕਿਸ ਨਾਲ਼ ਜ਼ਿੰਦਗੀ ਜਿਓਣਾ ਲੋਚਦੀ ਹੈ।
15. ਦਲੀਪ ਕੌਰ ਟਿਵਾਣਾ ਨਾਵਲ 'ਏਹੁ ਹਮਾਰਾ ਜੀਵਣਾ' ਵਿੱਚ ਕਿਸ ਮਿੱਥ ਦਾ ਪ੍ਰਯੋਗ ਕਰਦੀ ਹੈ?

8542/NH